B.C.M.SCHOOL, BASANT AVENUE, DURGI, LUDHIANA

CLASS-IV PUNJABI ASSIGNMENT

## ਅਣਡਿੱਠਾ ਪੈਰ੍ਹਾ

ਮਧੂਮੱਖੀਆਂ ਸਾਡੇ ਲਈ ਬਹੁਤ ਲਾਭਦਾਇਕ ਹੁੰਦੀਆਂ ਹਨ। ਇਹ ਸਾਨੂੰ ਸ਼ਹਿਦ ਦਿੰਦੀਆਂ ਹਨ ਜੋ ਸਿਹਤ ਲਈ ਬਹੁਤ ਫਾਇਦਾਮੰਦ ਹੁੰਦਾ ਹੈ। ਸ਼ਹਿਦ ਨਾ ਸਿਰਫ਼ ਮਿੱਠਾ ਹੁੰਦਾ ਹੈ ਸਗੋਂ ਦਵਾਈ ਵਜੋਂ ਵੀ ਵਰਤਿਆ ਜਾਂਦਾ ਹੈ। ਮਧੂਮੱਖੀਆਂ ਫੁੱਲਾਂ ਤੋਂ ਰਸ ਇਕੱਠਾ ਕਰਦੀਆਂ ਹਨ ਅਤੇ ਇਸ ਨਾਲ ਪੌਦਿਆਂ ਵਿੱਚ ਪਰਾਗਣ ਦੀ ਪ੍ਰਕਿਰਿਆ ਵੀ ਹੁੰਦੀ ਹੈ। ਜੇ ਮਧੂਮੱਖੀਆਂ ਨਾ ਹੋਣ ਤਾਂ ਪੌਦਿਆਂ ਤੇ ਫਸਲਾਂ ਦੀ ਪੈਦਾਵਾਰ ਘੱਟ ਹੋ ਸਕਦੀ ਹੈ। ਇਸ ਲਈ ਮਧੂਮੱਖੀਆਂ ਨੂੰ ਕੁਦਰਤ ਦੇ "ਛੋਟੇ ਕਿਸਾਨ" ਵੀ ਕਿਹਾ ਜਾਂਦਾ ਹੈ।

1. ਮਧੂਮੱਖੀਆਂ ਸਾਨੂੰ ਸਭ ਤੋਂ ਵੱਡਾ ਲਾਭ ਕੀ ਦਿੰਦੀਆਂ ਹਨ?

a) ਫੁੱਲ

b) ਸ਼ਹਿਦ

c) ਰਸ

d) ਦਵਾਈਆਂ

2. ਸ਼ਹਿਦ ਕਿਸ ਤਰੀਕੇ ਨਾਲ ਮਨੁੱਖ ਲਈ ਲਾਭਦਾਇਕ ਹੈ?

a) ਸਿਰਫ਼ ਮਿੱਠਾ ਹੁੰਦਾ ਹੈ

b) ਸਿਰਫ਼ ਖਾਣ ਲਈ ਹੁੰਦਾ ਹੈ

c) ਖਾਣ ਲਈ ਵੀ ਅਤੇ ਦਵਾਈ ਵਜੋਂ ਵੀ ਵਰਤਿਆ ਜਾਂਦਾ ਹੈ

d) ਸਿਰਫ਼ ਵੇਚਣ ਲਈ

3. ਜੇ ਮਧੂਮੱਖੀਆਂ ਨਾ ਰਹਿਣ ਤਾਂ–

a) ਸ਼ਹਿਦ ਵੱਧ ਜਾਵੇਗਾ

b) ਪੌਦੇ ਤੇ ਫਸਲਾਂ ਦੀ ਪੈਦਾਵਾਰ ਘੱਟ ਹੋ ਜਾਵੇਗੀ

c) ਪਰਾਗਣ ਵੱਧੇਗਾ

d) ਫੁੱਲ ਵੱਧ ਜਾਣਗੇ

4. ਪੈਰੇ ਅਨੁਸਾਰ ਮਧੂਮੱਖੀਆਂ ਦਾ ਕੰਮ ਪੌਦਿਆਂ ਲਈ ਕਿਹੜਾ ਹੈ?

a) ਪਾਣੀ ਦੇਣਾ

b) ਰਸ ਇਕੱਠਾ ਕਰਨਾ ਅਤੇ ਪਰਾਗਣ ਕਰਨਾ

c) ਬੀਜ ਬੀਜਣਾ

d) ਫੁੱਲ ਤੋੜਨਾ

ਡਿੱਠਾ ਪੈਰਾ:-

ਸਾਈਕਲ ਲੈ ਲਓ ਪਹੀਆਂ ਵਾਲੀ।

ਸਾਰੇ ਵਜਾਓ ਮਿਲ ਕੇ ਤਾਲੀ।

ਫੇਰੀ ਵਾਲਾ ਜਦ ਵੀ ਆਵੇ।

ਗਲੀਆਂ ਦੇ ਵਿੱਚ ਰੌਣਕ ਲਾਵੇ।

ਉਪਰੋਕਤ ਕਾਵਿ ਟੋਟੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

ਫੇਰੀ ਵਾਲਾ ਗਲੀਆਂ ਵਿੱਚ ਕੀ ਲਗਾਉਂਦਾ ਹੈ?

ਪਹੀਆਂ ਵਾਲਾ ਕਿਹੜਾ ਖਿਡੌਣਾ ਹੈ?

'ਵਾਲੀ' ਸ਼ਬਦ ਦਾ ਲੈਆਤਮਕ ਸ਼ਬਦ ਲਿਖੋ?

ਅਤੀ ਛੋਟੇ ਪ੍ਰਸ਼ਨ ਉੱਤਰ

ਪ੍ਰ:-ਜਿਆਦਾ ਟੀਵੀ ਦੇਖਣ ਨਾਲ ਕੀ ਲੱਗ ਜਾਂਦੀ ਹੈ?

ਪ੍ਰ:-ਗੁਰੂ ਨਾਨਕ ਦੇਵ ਜੀ ਸੈਦਪੁਰ ਵਿਖੇ ਕਿਸ ਦੇ ਘਰ ਰਹੇ?

ਛੋਟੇ ਪ੍ਰਸ਼ਨ ਉੱਤਰ:-

ਪ੍ਰ:-ਹਫਤੇ ਦੇ ਦਿਨਾਂ ਦੇ ਨਾਮ ਕਿਸ ਨੇ ਲਿਖੇ?

ਪ੍ਰ:-ਸਾਨੂੰ ਹਮੇਸ਼ਾ ਕਿਸ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ?

ਵੱਡੇ ਪ੍ਰਸ਼ਨ ਉੱਤਰ

ਪ੍ਰ:-31 ਦਿਨਾਂ ਵਾਲੇ ਮਹੀਨਿਆਂ ਦੇ ਨਾਮ ਦੱਸੋ?

ਪ੍ਰ:-ਭੱਪੋ ਚੂਹੀ ਵਾਲੇ ਪਾਠ ਵਿੱਚ ਕਿਹੜੇ ਕਿਹੜੇ ਵਿਸ਼ਿਆਂ ਦੀਆਂ ਕਿਤਾਬਾਂ ਦਾ ਜ਼ਿਕਰ ਆਇਆ ਹੈ?

**ਮੁੱਲ ਪਰਖ ਪ੍ਰਸ਼ਨ:-**

ਪ੍ਰ:-ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੀ ਰੋਟੀ ਨਾਲ ਕਿਹੜੀ ਸਿੱਖਿਆ ਦਿੱਤੀ?

ਸ਼ਬਦ ਅਰਥ :-ਛਕਦੇ, ਮਦਦ

ਵਾਕ ਬਣਾਓ:- ਕਿਰਤ, ਸਹੁੰ

ਕਿਸ ਨੇ ਕਿਸ ਨੂੰ ਕਹੇ:-ਤੁਸੀਂ ਮੇਰੇ ਘਰ ਛੱਤੀ ਪਦਾਰਥ ਨਹੀਂ ਛਕਦੇ।

**ਵਿਆਕਰਨ:-**

ਕਥਨ : "ਗੁਰੂ ਨਾਨਕ ਦੇਵ ਜੀ ਮਹਾਨ ਸੰਤ ਸਨ।" ਵਾਕ ਵਿੱਚ ਮਹਾਨ ਨਾਂਵ ਹੈ।

ਕਾਰਨ : ਨਾਂਵ ਉਹ ਸ਼ਬਦ ਹੈ ਜੋ ਨਾਮ ਜਾਂ ਕਿਸੇ ਵਸਤੂ ਦਾ ਬੋਧ ਕਰਾਵੇ।

a) A ਅਤੇ R ਦੋਵੇਂ ਸਹੀ ਹਨ ਅਤੇ R, A ਦੀ ਵਿਆਖਿਆ ਕਰਦਾ ਹੈ।

b) A ਅਤੇ R ਦੋਵੇਂ ਸਹੀ ਹਨ ਪਰ R, A ਦੀ ਵਿਆਖਿਆ ਨਹੀਂ ਕਰਦਾ।

c) A ਸਹੀ ਹੈ ਪਰ R ਗਲਤ ਹੈ।

d) A ਗਲਤ ਹੈ ਪਰ R ਸਹੀ ਹੈ।

ਤੇਤੀ ਤੋਂ ਪਹਿਲਾਂ ਤੇ ਬਾਂਅਦ ਵਾਲਾ ਸ਼ਬਦ ਲਿਖੋ?

ਭਾਵ ਵਾਚਕ ਨਾਂਵ ਤੋਂ ਕੀ ਭਾਵ ਹੈ? ਉਦਾਹਰਣ ਵੀ ਲਿਖੋ?

ਟੋਟਾ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ:-

ੳ)ਅੱਧਾ ਅ) ਪੌਣਾ ਹ)ਸਾਬਤ

ਕਵੀ ਸ਼ਬਦ ਦਾ ਸਹੀ ਲਿੰਗ ਬਦਲੋ ਚੁਣੋ:-

ੳ)ਕਵੀਤਰੀ ਅ) ਕਵਿਤਰੀ ੲ) ਕਵਤਰੀ

'ਤਸਵੀਰ' ਸ਼ਬਦ ਦਾ ਸਹੀ ਵਚਨ ਬਦਲੋ ਚੁਣੋ:-

ੳ)ਤਸਵੀਰਾ ਅ) ਤਸਵੀਰਾਂ ੲ)ਤਸਵਿਰਾਂ

ਇੱਜਤਦਾਰ ਵਿਅਕਤੀ ਕਿਸੇ ਕੋਲੋਂ ਮੰਗਦਾ ਨਹੀਂ। ਵਾਕ ਲਈ ਸਹੀ ਮੁਹਾਵਰਾ ਚੁਣੋ:-

ੳ)ਸਾਹ ਸੁੱਕਣਾ ਅ) ਹੱਥ ਅੱਡਣਾ ੲ) ਵਕਤ ਕੱਟਣਾ